# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ 35 ਤਹਿਤ ਸਥਾਪਿਤ)

**ਦਫਤਰ - ਡੀਨ ਕਾਲਜ ਵਿਕਾਸ ਕੌਂਸਲ**

ਨੰ. 3222 /ਕਾਲਜਾਂ

ਮਿਤੀ: 3.9.2026

**ਵੱਲ: ਯੂਨੀਵਰਸਿਟੀ ਨਾਲ ਸੰਬੰਧਤ ਸਮੂਹ ਲਾਅ ਕਾਲਜਾਂ ਦੇ**
**ਚੇਅਰਮੈਨ / ਪ੍ਰਿੰਸੀਪਲ ਸਾਹਿਬਾਨਾਂ ਨੂੰ**
**(Through: E-mail & Portal)**

**ਵਿਸ਼ਾ: ਬਾਰ ਕੌਂਸਿਲ ਔਫ ਇੰਡੀਆ ਵੱਲੋਂ ਜਾਰੀ ਪੱਤਰ BCI:D:5153/2026 ਮਿਤੀ 04-08-2026 ਦੀ ਲੋਅ ਵਿਚ ਲਾਅ ਕਾਲਜਾਂ ਦੀ Physical Inspection ਕਰਨ ਸੰਬੰਧੀ।**

ਉਪਰੋਕਤ ਵਿਸ਼ੇ ਸੰਬੰਧੀ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬਾਰ ਕੌਂਸਿਲ ਔਫ ਇੰਡੀਆ ਵੱਲੋਂ ਪੱਤਰ BCI:D:5153/2026 ਮਿਤੀ 04-08-2026 ਰਾਹੀਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸੰਬੰਧਤ ਸਮੂਹ ਲਾਅ ਕਾਲਜਾਂ ਦਾ ਨਿਰੀਖਣ ਨਿਕਟ-ਭਵਿੱਖ ਵਿਚ ਕਰਵਾਇਆ ਜਾਣਾ ਹੈ, ਜਿਸ ਵਿਚ ਬਾਰ ਕੌਂਸਲ ਵੱਲੋਂ ਜਾਰੀ ਨਿਰਦੇਸ਼ਾਂ ਦੇ ਨਾਲ-ਨਾਲ ਯੂਨੀਵਰਸਿਟੀ ਕੈਲੰਡਰ ਅਨੁਸਾਰ ਕਰਵਾਈ ਜਾਣ ਵਾਲੀ Periodical Inspection ਵੀ ਕਰਵਾਈ ਜਾਣੀ ਹੈ।

ਉਪਰੋਕਤ ਸੰਬੰਧੀ ਆਪ ਜੀ ਨੇ ਹੇਠ ਦਰਸਾਏ QR Codes ਤੇ ਉਪਲਬਧ ਦਸਤਾਵੇਜ਼ਾਂ ਅਤੇ Google Forms ਰਾਹੀਂ ਮੰਗੀ ਗਈ ਜਾਣਕਾਰੀ ਮਿਤੀ 07-09-2026 ਤੱਕ ਭਰਨੀ ਅਤੇ ਨਾਲ ਹੀ ਸੰਬੰਧਤ ਦਸਤਾਵੇਜ਼ ਤਿਆਰ ਕਰ ਕੇ ਰੱਖਣੇ ਯਕੀਨੀ ਬਣਾਉਣਾ ਜੀ, ਤਾਂ ਜੋ ਨਿਰੀਖਣ ਦਾ ਕਾਰਜ ਨਿਰ-ਵਿਘਨ ਕੀਤਾ ਜਾ ਸਕੇ।

| 1 | 2 | 3 | 4 |
| --- | --- | --- | --- |
| Link to Letter from BCI | Link to Google Form for Periodical Inspections | Link to Google Form for Inspection as per BCI Letter | Link to editable MS Word Proforma as per BCI Letter |

ਲੜੀ ਨੰ. 4 ਤੇ ਦਰਸਾਇਆ ਗਿਆ ਪ੍ਰੋਫਾਰਮਾ ਕਾਲਜ ਵੱਲੋਂ ਭਰਨ ਉਪਰੰਤ ਅਤੇ ਸਮੂਹ ਲੋੜੀਂਦੇ ਦਸਤਾਵੇਜ਼ਾਂ ਸਮੇਤ ਇੰਸਪੈਕਸ਼ਨ ਕਮੇਟੀ ਦੇ ਸਨਮੁਖ ਪੇਸ਼ ਕੀਤਾ ਜਾਣਾ ਹੈ। ਕਮੇਟੀ ਵੱਲੋਂ verification ਉਪਰੰਤ ਹਸਤਾਖਰਿਤ ਪ੍ਰੋਫਾਰਮਾ BCI ਨੂੰ ਭੇਜਿਆ ਜਾਣਾ ਹੈ। ਆਪ ਜੀ ਦੀ ਸਹੂਲਤ ਲਈ ਸੁਝਾਅ ਹੈ ਕਿ ਮੁਬਾਈਲ ਦੁਆਰਾ ਸਕੈਨ ਕਰਨ ਮਗਰੋਂ ਸੰਬੰਧਤ ਦਸਤਾਵੇਜ਼ ਦਾ ਲਿੰਕ WhatsApp ਜਾਂ ਈ.ਮੇਲ ਰਾਹੀਂ ਕੰਪਿਊਟਰ ਤੇ share ਕਰ ਕੇ ਭਰਿਆ ਜਾਵੇ।

03/09/2026.

**ਡੀਨ - ਕਾਲਜ ਵਿਕਾਸ ਕੌਂਸਲ**